Punjab Government Gazette

Published by Authority

No. 21] CHANDIGARH, FRIDAY, MAY 22, 2026 (JYAISTHA 1, 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਡਾਇਰੈਕਟੋਰੇਟ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ

ਖੇਤੀ ਭਵਨ, ਪਲਾਟ ਨੰ: 204, ਨੇੜੇ ਦਾਰਾ ਸਟੂਡੀਓ, ਫੇਜ਼-6, ਐਸ.ਏ.ਐਸ. ਨਗਰ (ਮੋਹਾਲੀ)

(ਅਮਲਾ-2 ਸ਼ਾਖਾ)

ਹੁਕਮ

ਮਿਤੀ 8 ਫਰਵਰੀ, 2023

ਮੀਮੋ ਨੰ: 4-2893/ਅ2(4)/2023/545.-ਇਹ ਕਿ ਸ਼੍ਰੀਮਤੀ ਪ੍ਰਭਜੋਤ ਕੌਰ, ਖੇਤੀਬਾੜੀ ਉਪ ਨਿਰੀਖਕ ਦਫਤਰ ਮੁੱਖ ਖੇਤੀਬਾੜੀ ਅਫਸਰ, ਗੁਰਦਾਸਪੁਰ ਦੀ ਇਸ ਦਫਤਰ ਦੇ ਪੱਤਰ ਪਿੱਠ ਅੰਕਣ ਨੰ: 4-2893/ਅ2(4)/362-63 ਮਿਤੀ: 11-02-2016 ਰਾਂਹੀ ਮਿਤੀ: 08-02-2016 ਤੋਂ 07-05-2016 ਤੱਕ (90 ਦਿਨਾਂ) ਬਿਨਾ ਤਨਖਾਹ ਛੁੱਟੀ (ਐਕਸ ਇੰਡੀਆ ਲੀਵ) ਮੰਨਜੂਰ ਕੀਤੀ ਗਈ ਸੀ, ਕਰਮਚਾਰਣ ਨੇ ਮਿਤੀ: 08-05-2016 ਨੂੰ ਆਪਣੀ ਡਿਊਟੀ ਤੇ ਹਾਜ਼ਰ ਹੋਣਾ ਸੀ, ਪਰ ਕਰਮਚਾਰਣ ਨੇ ਮਿਤੀ: 08-05-2016 ਤੋਂ 07-11-2016 (6 ਮਹੀਨੇ) ਪ੍ਰਸ਼ੂਤਾ ਛੁੱਟੀ ਪ੍ਰਵਾਨ ਕਰਨ ਮੰਗ ਕੀਤੀ ਗਈ ਸੀ। ਜਿਸ ਉਪਰੰਤ ਕਰਮਚਾਰਣ ਵੱਲੋਂ ਮਿਤੀ 08-11-2016 ਤੋਂ 07-11-2017 ਤੱਕ ਇੱਕ ਸਾਲ ਦੀ ਚਾਇਲਡ ਕੇਅਰ ਲੀਵ ਦੇਣ ਦੀ ਬੇਨਤੀ ਕੀਤੀ ਗਈ। ਇਸ ਸਬੰਧ ਵਿੱਚ ਇਸ ਦਫਤਰ ਵੱਲੋਂ ਪੱਤਰ ਨੰ: 4-2893/ਅ2(4)/2017/4652 ਮਿਤੀ: 09-08-2017 ਰਾਹੀਂ ਕਰਮਚਾਰਣ ਤੋਂ ਵੱਖ-ਵੱਖ ਤਰ੍ਹਾਂ ਦੀਆਂ ਭੇਜੀਆਂ ਗਈਆਂ ਛੁੱਟੀਆਂ ਲੈਣ ਲਈ ਸਪੱਸਟੀਕਰਨ ਦੇਣ ਲਈ ਕਿਹਾ ਗਿਆ। ਇਸ ਉਪਰੰਤ ਮੁੱਖ ਖੇਤੀਬਾੜੀ ਅਫਸਰ ਗੁਰਦਾਸਪੁਰ ਵੱਲੋਂ ਪੱਤਰ ਨੰ: 1260 ਮਿਤੀ: 10-11-2017 ਰਾਹੀਂ ਕਰਮਚਾਰਣ ਦੇ ਵਿਦੇਸ਼ੀ ਪਤੇ ਤੇ ਪੱਤਰ ਭੇਜਕੇ ਸੂਚਿਤ ਕਰਦੇ ਹੋਏ ਅਤੇ ਤੁਰੰਤ ਡਿਊਟੀ ਤੇ ਹਾਜ਼ਰ ਹੋਣ ਲਈ ਲਿਖਿਆ ਗਿਆ ਸੀ। ਪਰ ਕਰਮਚਾਰਣ ਆਪਣੀ ਡਿਊਟੀ ਤੇ ਹਾਜ਼ਰ ਨਹੀਂ ਹੋਈ। ਇਸ ਲਈ ਕਰਮਚਾਰਣ ਨੂੰ ਮਿਤੀ: 08-05-2016 ਤੋਂ ਲਗਾਤਾਰ ਡਿਊਟੀ ਤੋਂ ਗੈਰ-ਹਜ਼ਾਰ ਰਹਿਣ ਕਾਰਨ ਇਸ ਦਫਤਰ ਦੇ ਪੱਤਰ ਨੰ: 4-2893/ਅ2(4)/2018/5844 ਮਿਤੀ: 08-10-2018 ਰਾਹੀਂ ਪੰਜਾਬ ਸਿਵਲ ਸੇਵਾਵਾਂ (ਦੰਡ ਤੇ ਅਪੀਲ) ਨਿਯਮ 1970 ਦੇ 8 ਅਧੀਨ ਹੇਠ ਲਿਖੇ ਦੋਸ਼ਾਂ ਤਹਿਤ ਦੋਸ਼ ਸੂਚੀ ਜਾਰੀ ਕੀਤੀ ਗਈ ਸੀ:-

1. ਬਿਨ੍ਹਾ ਛੁੱਟੀ ਪ੍ਰਵਾਨ ਕਰਵਾਏ ਅਣ-ਅਧਿਕਾਰਤ ਤੌਰ ਤੇ ਡਿਊਟੀ ਤੋਂ ਗੈਰ-ਹਾਜ਼ਰ ਰਹਿਣਾ।
2. ਦਫਤਰੀ ਹੁਕਮਾਂ ਦੀ ਉਲੰਘਣਾ ਕਰਨ ਸਬੰਧੀ।
3. ਸਰਕਾਰੀ ਹਦਾਇਤਾਂ/ਨਿਯਮਾਂ ਦੀ ਉਲੰਘਣਾ ਕਰਨਾ।

ਇਹ ਕਿ ਕਰਮਚਾਰਣ ਨੂੰ ਦੋਸ਼ ਸੂਚੀ ਦੀ ਕਾਪੀ ਮੁੱਖ ਖੇਤੀਬਾੜੀ ਅਫਸਰ, ਗੁਰਦਾਸਪੁਰ ਵੱਲੋਂ ਪੱਤਰ ਨੰ: 651 ਮਿਤੀ: 17-01-2019 ਰਾਹੀਂ ਸਰਵ ਕਰਵਾਉਣ ਲਈ ਉਸਦੇ ਵਿਦੇਸ਼ੀ ਪਤੇ ਤੇ ਭੇਜੀ ਗਈ, ਜੋ ਕਿ ਇਸ ਕਥਨ unknown address ਨਾਲ

ਸਬੰਧਤ ਦਫਤਰ ਨੂੰ ਵਾਪਸ ਪ੍ਰਾਪਤ ਹੋ ਗਈ ਸੀ। ਇਸ ਉਪਰੰਤ ਦਫਤਰ ਦੇ ਅੰ.ਵਿ.ਪੱ.ਨੰ: 4-2893/ਅ2(4)/2019/1611 ਮਿਤੀ: 12-04-2019 ਰਾਹੀਂ ਸ਼੍ਰੀ ਸੁਖਦੇਵ ਸਿੰਘ, ਸੰਯੁਕਤ ਡਾਇਰੈਕਟਰ ਖੇਤੀਬਾੜੀ (ਪੀ.ਪੀ) ਨੂੰ ਕਰਮਚਾਰਣ ਦੀ ਗੈਰ-ਹਾਜ਼ਰੀ ਦੇ ਸਬੰਧ ਵਿੱਚ ਪੜਤਾਲ ਕਰਨ ਲਈ ਪੜਤਾਲੀਆਂ ਅਫਸਰ ਨਿਯੁਕਤ ਕੀਤਾ ਗਿਆ ਸੀ। ਪੜਤਾਲੀਆਂ ਅਫਸਰ ਵੱਲੋਂ ਆਪਣੇ ਪੱਤਰ ਨੰ: 148/ਸੰ.ਡ.ਖ(ਪੀ.ਪੀ) ਮਿਤੀ: 22-01-2020 ਰਾਹੀਂ ਪੇਸ਼ ਕੀਤੀ ਪੜਤਾਲ ਰਿਪੋਰਟ ਵਿੱਚ ਸਪੱਸ਼ਟ ਕੀਤਾ ਗਿਆ ਕਿ ਕਰਮਚਾਰਣ ਨੂੰ ਵਾਰ-ਵਾਰ ਲਿਖਣ ਦੇ ਬਾਵਜੂਦ ਆਪਣਾ ਪੱਖ ਪੇਸ਼ ਕਰਨ ਲਈ ਹਾਜ਼ਰ ਨਹੀਂ ਹੋਈ। ਇਸ ਲਈ ਸ਼੍ਰੀਮਤੀ ਪ੍ਰਭਜੋਤ ਕੌਰ, ਖੇਤੀਬਾੜੀ ਉਪ ਨਿਰੀਖਕ ਵਿਰੁੱਧ ਲਗਾਏ ਗਏ ਸਾਰੇ ਦੋਸ਼ ਸਿੱਧ ਕੀਤੇ ਹਨ। ਪੜਤਾਲੀਆਂ ਅਫਸਰ ਵੱਲੋਂ ਕਰਮਚਾਰਣ ਵਿਰੁੱਧ ਪੰਜਾਬ ਦੇ ਰੂਲਾਂ ਅਨੁਸਾਰ ਕਰਵਾਈ ਕਰਨ ਦੀ ਸ਼ਿਫਾਰਿਸ ਕੀਤੀ ਗਈ ਸੀ।

ਇਹ ਕਿ ਇਸ ਵਿਭਾਗ ਦੇ ਮੀਮੋ ਨੰ: 4-2893/ਅ2(4)/2020/6067 ਮਿਤੀ 29.12.2020 ਰਾਹੀਂ ਡਾਇਰੈਕਟਰ, ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ, ਚੰਡੀਗੜ੍ਹ ਰਾਹੀਂ ਮਿਤੀ: 05-01-2021 ਨੂੰ ਪਬਲਿਕ ਨੋਟਿਸ ਪ੍ਰਚਲਿਤ ਅਖਬਾਰਾਂ ਵਿੱਚ ਛਪਵਾਇਆ ਗਿਆ। ਜਿਸ ਵਿੱਚ ਸ਼੍ਰੀਮਤੀ ਪ੍ਰਭਜੋਤ ਕੋਰ, ਖੇਤੀਬਾੜੀ ਉਪ ਨਿਰੀਖਕ (ਗੈਰ-ਹਾਜ਼ਰ) ਦਫਤਰ ਮੁੱਖ ਖੇਤੀਬਾੜੀ ਅਫਸਰ, ਗੁਰਦਾਸਪੁਰ ਨੂੰ ਇਸ ਪਬਲਿਕ ਨੋਟਿਸ ਰਾਹੀਂ ਸੂਚਿਤ ਕੀਤਾ ਗਿਆ ਕਿ ਪੜਤਾਲੀਆਂ ਅਫਸਰ ਵੱਲੋਂ ਜਾਰੀ ਕੀਤੀ "ਪੜਤਾਲ ਰਿਪੋਰਟ" ਨੂੰ ਮੁੱਖ ਖੇਤੀਬਾੜੀ ਅਫਸਰ, ਗੁਰਦਾਸਪੁਰ ਦੇ ਦਫਤਰ ਤੋਂ ਕਿਸੇ ਕੰਮ-ਕਾਜ ਵਾਲੇ ਦਿਨ ਦਫਤਰੀ ਸਮੇਂ ਦੌਰਾਨ ਪ੍ਰਾਪਤ ਕਰਕੇ ਬਣਦਾ ਜਵਾਬ ਤੁਰੰਤ ਦਿੱਤਾ ਜਾਵੇ ਨਹੀਂ ਤਾਂ ਇਕਤਫਰਾ ਕਾਰਵਾਈ ਆਰੰਭ ਦਿੱਤੀ ਜਾਵੇਗੀ।

ਇਹ ਕਿ ਸ਼੍ਰੀਮਤੀ ਪ੍ਰਭਜੋਤ ਕੌਰ, ਖੇਤੀਬਾੜੀ ਉਪ ਨਿਰੀਖਕ ਜੋ ਕਿ ਮਿਤੀ: 08-05-2016 ਤੋਂ ਲਗਾਤਾਰ ਡਿਊਟੀ ਤੋਂ ਗੈਰ-ਹਾਜ਼ਰ ਚਲ ਰਹੀ ਹੈ, ਜਿਸ ਦੀ ਗੈਰ-ਹਾਜ਼ਰੀ ਸਮਾਂ 6 ਸਾਲ 8 ਮਹੀਨੇ ਤੋਂ ਵੱਧ ਦਾ ਹੋ ਚੁੱਕਾ ਹੈ। ਇਸ ਸਬੰਧ ਵਿੱਚ ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸ਼ਾਖਾ) ਵੱਲੋਂ ਪੱਤਰ ਨੰ:2/1/2017/-3-ਐਫ.ਪੀ.2/189, ਮਿਤੀ: 12-05-2017 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਜੇਕਰ ਕੋਈ ਅਧਿਕਾਰੀ/ਕਰਮਚਾਰੀ ਬਿਨ੍ਹਾਂ ਛੁੱਟੀ ਮੰਨਜੂਰ ਕਰਵਾਏ ਆਪਣੀ ਡਿਊਟੀ ਤੋਂ ਗੈਰ-ਹਾਜ਼ਰ ਰਹਿੰਦਾ ਹੈ ਅਤੇ ਇਹ ਗੈਰ-ਹਾਜ਼ਰੀ ਦਾ ਸਮਾਂ ਚਲਦੇ ਨੂੰ ਇੱਕ ਸਾਲ ਤੋਂ ਵੱਧ ਦਾ ਸਮਾਂ ਹੋ ਜਾਂਦਾ ਹੈ ਤਾਂ ਉਸ ਵੱਲੋਂ ਸਰਕਾਰੀ ਸਰਵਿਸ ਤੋਂ ਅਸਤੀਫਾ ਦਿੱਤਾ ਸਮਝਿਆ ਜਾਵੇਗਾ, ਭਾਵ ਉਸ ਵੱਲੋਂ ਸਰਕਾਰੀ ਸਰਵਿਸ ਤੋਂ Deemed Resignation ਮੰਨਿਆ ਜਾਵੇਗਾ।

ਇਸ ਲਈ ਉੱਕਤ ਤੱਥਾਂ ਅਤੇ ਸਰਕਾਰੀ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਪੂਰੀ ਗੱਹੁ ਨਾਲ ਵਿਚਾਰਕੇ ਮੈਂ, ਗੁਰਵਿੰਦਰ ਸਿੰਘ, ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ, ਐਸ.ਏ.ਐਸ. ਨਗਰ ਸ਼੍ਰੀਮਤੀ ਪ੍ਰਭਜੋਤ ਕੌਰ, ਖੇਤੀਬਾੜੀ ਉਪ ਨਿਰੀਖਕ ਜੋ ਕਿ ਦਫਤਰ ਮੁੱਖ ਖੇਤੀਬਾੜੀ ਅਫਸਰ, ਗੁਰਦਾਸਪੁਰ ਵਿਖੇ ਤੈਨਾਤ ਸੀ, ਕਰਮਚਾਰਣ ਨੂੰ ਮਿਤੀ: 08-05-2016 ਤੋਂ ਲਗਾਤਾਰ ਹੁਣ ਤੱਕ ਆਪਣੀ ਡਿਊਟੀ ਤੋਂ ਬਿਨ੍ਹਾਂ ਆਗਿਆ ਗੈਰ-ਹਾਜ਼ਰ ਰਹਿਣ ਕਾਰਨ ਮਿਤੀ: 08-05-2016 ਤੋਂ ਸਰਕਾਰੀ ਸੇਵਾਵਾਂ ਤੋਂ ਅਸਤੀਫਾ ਮੰਨਦੇ ਹੋਏ ਉਸ ਦੀਆਂ ਸੇਵਾਵਾਂ ਸਮਾਪਤ ਕਰਦਾ ਹਾਂ।

ਕਰਮਚਾਰੀ ਦਾ ਪੱਕਾ ਪਤਾ ਹੇਠ ਲਿਖੇ ਅਨੁਸਾਰ ਹੈ:-

1. ਸ਼੍ਰੀਮਤੀ ਪ੍ਰਭਜੋਤ ਕੌਰ, ਖੇਤੀਬਾੜੀ ਉਪ ਨਿਰੀਖਕ
   ਮਕਾਨ ਨੰ: 90/8, ਅੰਬੇਦਕਰ ਨਗਰ,
   ਨੇੜੇ ਵਿਸ਼ਾਲ ਮੈਗਾ ਵਾਟ,ਬਟਾਲਾ ਰੋਡ,
   ਗੁਰਦਾਸਪੁਰ।
2. ਸ਼੍ਰੀਮਤੀ ਪ੍ਰਭਜੋਤ ਕੌਰ, ਖੇਤੀਬਾੜੀ ਉਪ ਨਿਰੀਖਕ
   25 Pilken lane, Black Town, Sydney,
   N.S.W. 2148, Australia.

ਗੁਰਵਿੰਦਰ ਸਿੰਘ
ਡਾਇਰੈਕਟਰ ਖੇਤੀਬਾੜੀ ਅਤੇ
ਕਿਸਾਨ ਭਲਾਈ ਵਿਭਾਗ, ਪੰਜਾਬ

ਮਿਤੀ 30 ਜਨਵਰੀ,2023

3722/5-2026/Pb.Govt.Press, S.A.S. Nagar